**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ.ਸੀ.ਓ ਨੰ. 162-164, ਸੈਕਟਰ-34-ਏ, ਚੰਡੀਗੜ੍ਹ**

---

**ਸੇਵਾ ਵਿਖੇ**

ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ),
ਪੰਜਾਬ ।

ਮੀਮੋ ਨੰ. ਡਿ.ਐਸ.ਪੀ.ਡੀ./ਵੀ/R006487
ਮਿਤੀ ,ਚੰਡੀਗੜ੍ਹ 08 ਨਵੰਬਰ, 2012

**ਵਿਸ਼ਾ:-** **ਬੀ.ਐਡ. ਟੀਚਿੰਗ ਪ੍ਰੈਕਟਿਸ ਕਰਵਾਉਣ ਬਾਰੇ ।**

**ਹਵਾਲਾ:-** **ਇਸ ਦਫ਼ਤਰ ਦੇ ਮੀਮੋ ਨੰ.ਡਿਐਸਪੀਡੀ/ਵੀ/45740 ਮਿਤੀ 08.07.2010.**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਦੀ ਲਗਾਤਾਰਤਾ ਵਿੱਚ ਹੇਠ ਲਿਖੇ ਅਨੁਸਾਰ ਹਦਾਇਤਾਂ ਸੋਧੀਆਂ ਜਾਂਦੀਆ ਹਨ :-

(1) ਬੀ.ਐਡ. ਕਾਲਜ ਦੇ **ਪ੍ਰਿੰਸੀਪਲ ਸਕੂਲ** ਦੇ **ਪ੍ਰਿੰਸੀਪਲ**/ਮੁੱਖੀ ਨੂੰ ਟੀਚਿੰਗ ਪ੍ਰੈਕਟਿਸ ਲਈ ਬੇਨਤੀ ਕਰਨ ਸਮੇਂ ਸਿੱਖਿਆਰਥੀਆਂ ਦੀ ਵਿਸ਼ਾ-ਵਾਰ ਗਿਣਤੀ ਦੇਣਗੇ ਅਤੇ ਉਸ ਨੂੰ ਧਿਆਨ ਵਿਚ ਰੱਖਦੇ ਹੋਏ ਸਕੂਲ ਦੇ **ਪ੍ਰਿੰਸੀਪਲ**/ਮੁੱਖੀ ਲੋੜ ਅਨੁਸਾਰ ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਦੀ ਆਗਿਆ ਦੇਣਗੇ ਅਤੇ ਵਿਸ਼ਾ/ਪੀਰੀਅਡ ਦੀ ਵੰਡ ਕਰਨਗੇ ।ਇਸ ਸੰਬੰਧੀ ਸਕੂਲ ਪ੍ਰਿੰਸੀਪਲ/ਮੁੱਖੀ ਸੰਬੰਧਤ ਜ਼ਿਲਾ ਸਿਖਿਆ ਅਫਸਰ ਨੂੰ ਵੀ ਜਾਣੂ ਕਰਵਾਉਣਗੇ।

(2) **ਟੀਚਿੰਗ ਪ੍ਰੈਕਟਿਸ ਲਗਾਉਣ ਸਮੇਂ ਇੱਕ ਅਧਿਆਪਕ ਅਧੀਨ** ਕੇਵਲ **ਇੱਕ ਸਿੱਖਿਆਰਥੀ ਸਹਾਇਕ ਅਧਿਆਪਕ ਦੇ ਤੌਰ ਤੇ** ਲਗਾਇਆ ਜਾਵੇਗਾ।

(3) ਲੜੀ ਨੂੰ 2 ਤੋਂ ਇਲਾਵਾ ਖਾਲੀ ਅਸਾਮੀ ਹੋਣ ਦੀ ਸੂਰਤ ਵਿਚ ਸਕੂਲ ਪ੍ਰਿੰਸੀਪਲ/ਮੁੱਖੀ ਉਸੇ ਵਿਸ਼ੇ ਦੇ ਇਕ ਸਿੱਖਿਆਰਥੀ ਨੂੰ ਟੀਚਿੰਗ ਪ੍ਰੈਕਟਿਸ ਲਈ ਲਗਾਏਗਾ।

(4) ਟੀਚਿੰਗ ਪ੍ਰੈਕਟਿਸ ਲਈ ਆਏ ਸਿੱਖਿਆਰਥੀਆਂ ਵਲੋਂ 40 ਦਿਨਾਂ ਤੱਕ ਲਈ 500/- ਰੁਪਏ ਪ੍ਰਤੀ ਸਿਖਿਆਰਥੀ School Develpment Fund ਵਿੱਚ ਜਮਾਂ ਕਰਵਾਉਣੇ ਜਰੂਰੀ ਹੋਣਗੇ। ਇਸ ਦਾ ਪੂਰਾ ਰਿਕਾਰਡ ਸਕੂਲ ਪ੍ਰਿੰਸੀਪਲ/ਮੁੱਖੀ ਵਲੋਂ ਰੱਖਿਆ ਜਾਵੇਗਾ ਅਤੇ ਸਕੂਲ ਪ੍ਰਿੰਸੀਪਲ/ਮੁੱਖੀ ਇਸ ਰਾਸ਼ੀ ਦੀ ਰਸੀਦ ਸਿੱਖਿਆਰਥੀ ਨੂੰ ਦੇਣਾ ਯਕੀਨੀ ਬਣਾਉਣਗੇ।

(5) ਟੀਚਿੰਗ ਪ੍ਰੈਕਟਿਸ ਲਈ ਸਕੂਲ ਪ੍ਰਿੰਸੀਪਲ/ਮੁੱਖੀ ਇਕ ਆਧਿਆਪਕ ਨੂੰ ਬਤੌਰ ਕੋਆਰਡੀਨੇਟਰ ਨਾਮਜਦ ਕਰਨਗੇ।

(6) **16 ਦਸੰਬਰ ਤੋਂ 31 ਮਾਰਚ ਤੱਕ ਟੀਚਿੰਗ ਪ੍ਰੈਕਟਿਸ ਲਈ ਸਕੂਲ ਨਹੀਂ ਦਿੱਤੇ ਜਾਣਗੇ ।**

(7) **ਸਬੰਧਤ ਬੀ.ਐਡ.** ਕਾਲਜਾਂ ਦੇ ਪ੍ਰਿੰਸੀਪਲ **ਸਿੱਖਿਆਰਥੀਆਂ ਦਾ ਸਕੂਲ ਦੇ ਅਨੁਸ਼ਾਸਨ ਅਨੁਸਾਰ ਕੰਮ ਕਰਨਾ ਯਕੀਨੀ ਬਣਾਉਣਗੇ । ਜੇ ਸਿੱਖਿਆਰਥੀ ਸਕੂਲ ਦੇ ਅਨੁਸ਼ਾਸਨ ਨੂੰ ਭੰਗ ਕਰਨਗੇ ਤਾਂ ਸਬੰਧਤ ਸਕੂਲ ਦਾ** ਪ੍ਰਿੰਸੀਪਲ/ਮੁਖੀ **ਸਿੱਖਿਆਰਥੀਆਂ ਨੂੰ ਟੀਚਿੰਗ ਪ੍ਰੈਕਟਿਸ ਕਰਨ ਤੋਂ ਮਨ੍ਹਾਂ ਕਰਨ ਲਈ ਅਧਿਕਾਰਤ ਹੋਵੇਗਾ ।**

(8) **ਸਿੱਖਿਆਰਥੀ ਸਬੰਧਤ ਸਕੂਲ ਦੇ ਅਧਿਆਪਕ ਦੇ ਪਾਠਕ੍ਰਮ ਦੀ ਮਹੀਨਾਵਾਰ ਵੰਡ ਅਨੁਸਾਰ ਹੀ ਟਾਪਿਕ ਪੜਾਉਣਗੇ ।**

(9) **ਸਿੱਖਿਆਰਥੀ "ਪਾਠ ਯੋਜਨਾ" ਸਬੰਧਤ ਵਿਸ਼ੇ ਦੇ ਅਧਿਆਪਕ ਨੂੰ ਦਿਖਾਉਣ ਤੋਂ ਬਾਅਦ ਹੀ ਜਮਾਤ ਵਿੱਚ ਪੜ੍ਹਾਏਗਾ ।**

(10) ਸਿੱਖਿਆਰਥੀ ਦੇ ਪੀਰੀਅਡ ਲੈਣ ਸਮੇਂ ਸਬੰਧਤ ਅਧਿਆਪਕ ਜਮਾਤ ਵਿੱਚ ਹਾਜ਼ਰ ਰਹੇਗਾ ਅਤੇ ਲੋੜ ਪੈਣ ਤੇ ਆਪਣੇ ਸੁਝਾਅ ਵੀ ਦਵੇਗਾ ।

(11) ਸਿੱਖਿਆਰਥੀ ਵੱਲੋਂ ਸਹਾਇਕ ਸਮੱਗਰੀ ਦੀ ਵਰਤੋਂ ਯਕੀਨੀ ਬਣਾਉਣ ਲਈ ਸਬੰਧਤ ਵਿਸ਼ੇ ਦਾ ਅਧਿਆਪਕ ਜਿੰਮੇਵਾਰ ਹੋਵੇਗਾ ।

(12) ਟੀਚਿੰਗ ਪ੍ਰੈਕਟਿਸ ਦੌਰਾਨ ਸਕੂਲ ਦੀ ਸਮਾਂ ਸਾਰਨੀ, ਪਾਠਕ੍ਰਮ,ਪੇਪਰਾਂ ਦੇ ਸ਼ਡਿਊਲ ਅਤੇ ਮਿਡ-ਡੇ-ਮੀਲ ਆਦਿ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਜਾਵੇਗੀ ।

ਆਪ ਜੀ ਨੂੰ ਲਿੱਖਿਆ ਜਾਂਦਾ ਹੈ ਕਿ ਉਪਰੋਕਤ ਹਦਾਇਤਾਂ ਅਨੁਸਾਰ ਲੌੜੀਂਦੀ ਕਾਰਵਾਈ ਕੀਤੀ ਜਾਵੇ ।

ਕਾਹਨ ਸਿੰਘ ਪੰਨੂੰ, ਆਈ.ਏ.ਐਸ.
**ਸਕੱਤਰ-ਕਮ-ਡਾਇਰੈਕਟਰ ਜਨਰਲ**
**ਸਕੂਲ ਸਿੱਖਿਆ,ਪੰਜਾਬ ।**

**ਪਿਠ ਅੰਕਣ ਨੰ.ਡਿਐਸਪੀਡੀ/ਵੀ/** R006488 **ਮਿਤੀ** 08/11/2012

ਇਸ ਦਾ ਉਤਾਰਾ ਡੀ.ਪੀ.ਆਈ. (ਸੈ.ਸਿ) ਅਤੇ (ਐ.ਸਿ) ਪੰਜਾਬ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਕਾਹਨ ਸਿੰਘ ਪੰਨੂੰ, ਆਈ.ਏ.ਐਸ.
**ਸਕੱਤਰ-ਕਮ-ਡਾਇਰੈਕਟਰ ਜਨਰਲ**
**ਸਕੂਲ ਸਿੱਖਿਆ,ਪੰਜਾਬ ।**